# ਸ੍ਰੀ ਗੁਰੂ ਗੋਬਿੰਦ ਸਿੰਘ ਜੀ

ਕ੍ਰਿਤ

# ਪ੍ਰੇਮ ਸੁਮਾਰਗ ਗਰੰਥ

Namdhari Elibrary NamdhariElibrary@gmail.com

ਇਹ ਕਾਰਜ

## ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ

ਦੀ ਅਪਾਰ ਕਿਰਪਾ ਅਤੇ ਬਖਸ਼ਿਸ਼ ਨਾਲ ਸੰਭਵ ਹੋਇਆ ॥

ਪ੍ਰੇਮ ਸੁਮਾਰਗ ਗਰੰਥ ਦਾ ਜਿਕਰ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਪਵਿੱਤਰ ਉਪਦੇਸ਼ਾ ਵਿਚ ਕਈ ਵਾਰ ਆਉਂਦਾ ਹੈ। ਸਿੱਖਾਂ ਦੇ ਉੱਚ ਜੀਵਨ ਅਤੇ ਉੱਚੀ ਅਵੱਸਥਾ ਪ੍ਰਾਪਤ ਕਰਨ ਵਾਸਤੇ ਇਹ ਗਰੰਥ ਬਹੁਤ ਲਾਹੇਵੰਦ ਹੈ।

ਭੇਟਾ

ਨਾਮਧਾਰੀ ਸਿੱਖ ਸੰਗਤ ਸਾਊਥਾਲ

ਸੇਵਾ

ਕਿਰਪਾਲ ਸਿੰਘ ਚਾਨਾ

ਅਪਰੈਲ ੨੦੧੨

੧



੧ੳ ਸਤਿਗੁਰ ਪ੍ਰਸਾਦਿ ॥ ਸ੍ਰੀ ਵਾਹਿਗੁਰੂ ਜੀ ਕੀ ਫਤੇ ॥ ਰਾਗੁ ਕਲਿਆਨੁ ਪਾਤਿਸਾਹੀ ॥੧੦॥ ਬਿਨੁ ਕਰਤਾਰ ਨ ਕ੍ਰਿਤਮ ਮਾਨੋ ॥ ਆਦਿ ਅਜੋਨ ਅਜੈ ਅਬਿਨਾਸੀ ਤਿਹ ਪਰਮੇਸੁਰ ਜਾਨੋ ॥੧॥ ਰਹਾਉ॥ ਕਹਾਂ ਭਯੋ ਜੋ ਆਨ ਜਗਤ ਮੈ ਦਸਕੁ ਅਸੁਰ ਹਰਿ ਘਾਏ ॥ ਅਧਿਕ ਪ੍ਰਪੰਚ ਦਿਖਾਇ ਸਬਨ ਕੋ ਆਪਹਿ ਬ੍ਰਹਮ ਕਹਾਏ ॥੧॥ ਭੰਜਨ ਗੜਨ ਸਮਰਥੁ ਸਦਾ ਪ੍ਰਭ ਸੋ ਕਿਮ ਜਾਤ ਗਨਾਯੋ ॥ ਜਾਂ ਤੇ ਸਰਬ ਕਾਲ ਕੇ ਅਸਕੋ ਘਾਇ ਬਚਾਇ ਨ ਆਯੋ ॥੨॥ ਕੈਸੇ ਤੋਹਿ ਤਾਰਿ ਹੈ ਸੁਨਿ ਜੜ ਆਪਿ ਡੁਬਿਓ ਭਵ ਸਾਗਰ ॥ ਛੁਟਿਓ ਕਾਲ ਪਾਸ ਤੇ ਤਬ ਹੀ ਗਹੋ ਸਰਣਾ ਜਗ ਤਾਗਰ ॥੩॥੧॥

੨



ਤਿਲੰਗ ਕਲਿਆਨ ਕਾਫੀ ॥ ਕੇਵਲ ਕਾਲਈ ਕਰਤਾਰ ॥ ਆਦਿ ਅੰਤਿ ਅਨੰਤ ਮੂਰਤਿ ਗੜਨ ਭੰਜਨਹਾਰ ॥੧॥ਰਹਾਉ॥ ਨਿੰਦ ਉਸਤਤਿ ਜਉਨ ਕੇ ਸਮ ਸਤ੍ਰ ਮਿਤ੍ਰ ਨ ਕੋਇ ॥ ਕਉਨ ਬਾਦ ਪਰੀ ਤਿਸੈ ਪਥੁ ਸਾਰਥੀ ਰਥ ਹੋਇ ॥੧॥ ਤਾਤ ਮਾਤ ਨ ਜਾਤ ਜਾਂਕਰ ਪੁਤ੍ਰ ਪੌਤ੍ਰ ਮੁਕੰਦ ॥ ਕਉਨ ਕਾਜ ਕਹਾਇਗੇ ਆਨ ਕਉ ਸਲ ਚੰਦ ॥੨॥ ਦੇਵ ਦੈਤ ਦਿਸਾ ਵਿਸਾ ਜਿਹ ਕੀਨ ਸਰਬ ਪਸਾਰ ॥ ਕਉਨ ਉਪਮਾ ਤਉਨ ਕੀ ਮੁਖ ਲੇਤ ਨਾਮ ਮੁਰਾਰਿ ॥੩॥੨॥ ਰਾਗੁ ਦੇਵਗੰਧਾਰੀ ਪਾਤਿਸਾਹੀ ॥੧੦॥ ਏਕ ਬਿਨਾ ਦੂਸਰ ਨ ਚਿਨਾਰ॥ ਭੰਜਨ ਗੜਨ ਸਮਰਥ ਸਦਾ



ਪ੍ਰਭ ਜਾਨਤ ਹੈ ਕਰਤਾਰ ॥੧॥ ਕਹਾਂ ਭਇਓ ਜੋ ਅਤ ਹਿਤ ਚਿਤ ਕਰਿ ਬਹੁ ਬਿਧਿ ਸਿਲਾ ਪੁਜਾਈ ॥ ਪਾਨ ਥਕੇ ਪਾਹਨ ਕਹ ਪਰਸਤ ਕਛੁ ਕਰੁ ਸਿਧ ਨ ਆਈ ॥੨॥ ਅਛਤ ਦੀਪ ਧੂਪ ਅਰਪਤ ਹੈ ਪਾਹਨ ਕਛੂ ਨ ਖੈ ਹੈ॥ ਤਾ ਮੈ ਕਹਾ ਸਿਧ ਹੈ ਰੇ ਜੜ ਤੋਹਿ ਕਛੂ ਬਰ ਦੈ ਹੈ ॥੩॥ ਜੋ ਜੀਉ ਹੋਤ ਤ ਦੇਤ ਕਛੂ ਤੁਹਿ ਮਨ ਬਚ ਕਰਮ ਬਿਚਾਰ ॥ ਕੇਵਲ ਕਾਲ ਸਰਣਿ ਸੁਆਮੀ ਬਿਨੁ ਯੋ ਨਹਿ ਕਤਹਿ ਉਧਾਰ ॥੪॥੩॥ ਰਾਗੁ ਰਾਮਕਲੀ ਪਾਤਿਸਾਹੀ ॥੧੦॥ ਪ੍ਰਾਨੀ ਪਰਮ ਪੁਰਖ ਪਗੁ ਲਾਗੋ ॥ ਸੋਵਤ ਕਹਾ ਮੋਹ ਨਿੰਦ੍ਰਾ ਮਹਿ ਕਬਹੁ ਸੁਚਿਤ ਹ੍ਵੈ ਜਾਗੋ॥੧॥ ਅਉਰ ਕਹਾ ਪਰਬੋਧਤ ਹੈ ਪਸੁ





ਤੋਹਿ ਪ੍ਰਬੋਧ ਨ ਲਾਗੋ ॥ ਸਿੰਚਤ ਕਹਾ ਪਰੋ ਬਿਖਯਨ ਕਉ ਕਬਹੁ ਬਿਖੈ ਰਸ ਤਿਆਗੋ ॥੨॥ ਕੇਵਲ ਕਰਮ ਭਰਮ ਸੇ ਚੀਨਹੁ ਧਰਮ ਕਰਮ ਅਨਰਾਗੋ ॥ ਸੰਗ੍ਰਹੁ ਕਰਹੁ ਸਦਾ ਸਿਮਰਨਿ ਕੋ ਪਰਮ ਪਾਪ ਤਜਿ ਭਾਗੋ ॥੩॥ ਜਾਂਤੇ ਦੂਖ ਪਾਪ ਨਹੀ ਭੇਟੈ ਕਾਲ ਜਾਲ ਤੇ ਤਾਗੋ ॥ ਜਉ ਸੁਖ ਚਹੋ ਸਦਾ ਸਭ ਤਨ ਕੋ ਤਉ ਹਰਿ ਕੇ ਰਸ ਪਾਗੋ ॥੪॥੪॥ ਰਾਗੁ ਦੇਵਗੰਧਾਰੀ ਪਾਤਿਸਾਹੀ ॥੧੦॥ ਬਿਨ ਹਰਿ ਨਾਮੁ ਨ ਬਾਚਨ ਪੈ ਹੈ। ਚਉਦਹ ਲੋਕ ਜਾਹਿ ਬਸਿ ਕੀਨੇ ਤਾਂ ਤੇ ਕਹਾਂ ਪਲੈ ਹੈ॥੧॥ ਰਾਮ ਰਹੀਮ ਉਬਾਰ ਨ ਸਾਕਹਿ ਜਾਂ ਕਰ ਨਾਂਉ ਰਟੈ ਹੈ ॥ ਬ੍ਰਹਮਾ ਬਿਸਨ ਰੁਦ੍ਰ ਸੂਰਜ ਸਸਿ ਤੇ ਬਸਿ

੫



ਕਾਲ ਸਬੈ ਹੈ ॥ ਬੇਦ ਪੁਰਾਨ ਕੁਰਾਨ ਸਬੈ ਮਤ ਜਾਕਹ ਨੇਤ ਕਹੈ ਹੈ ॥ ਇੰਦ੍ਰ ਫਨਿੰਦ੍ਰ ਮੁਨਿੰਦ੍ਰ ਕਲਪ ਬਹੁ ਤਾਂਕੇ ਧਿਆਨ ਨ ਐਹੈ ਹੈ ॥੩॥ ਜਾ ਕਰ ਰੂਪ ਰੰਗ ਨਹੀ ਜਾਨੀਯਤ ਸੋ ਕਿਮ ਸਿਯਾਮ ਕਹੈ ਹੈ ॥ ਛੁਟਿਯੋ ਕਾਲ ਜਾਲ ਤੇ ਤਬਹੀ ਤਾਹਿ ਚਰਨ ਲਪਟੈ ਹੈ ॥੪॥੫॥

ਰਾਗੁ ਬਿਲਾਵਲ ਪਾਤਿਸਾਹੀ ॥੧੦॥ ਸੋ ਕਿਮ ਮਾਨਸ ਰੂਪ ਕਹਾਏ ॥ ਸਿਧ ਸਮਾਧਿ ਸਾਧ ਕਰਿ ਹਾਰੇ ਕਿਹ ਹੂੰ ਦਿਖਨ ਨ ਪਾਏ ॥੧॥ਰਹਾਉ॥ ਨਾਰਦ ਬਿਆਸ ਪਰਾਸਰ ਧ੍ਰੂ ਸੇ ਧਿਆਵਕਿ ਧਿਆਨ ਲਗਾਏ ॥ ਬੇਦ ਪੁਰਾਨ ਹਰਿ ਹਰਿ ਹਰਿ ਛਾਡਿਓ ਤਦਪ ਧਿਆਨ ਨ ਆਏ ॥੨॥ ਦਾਨਵ ਦੇਵ ਪਿਸਾਚ

੬



ਪ੍ਰੇਤ ਨਰ ਨੇਤਹੀ ਨੇਤਹੀ ਨੇਤ ਕਹਾਏ ॥ ਸੂਛਮ ਤੇ ਸੂਛਮ ਕਰਿ ਚੀਨੈ ਬ੍ਰਿਧਨ ਬ੍ਰਿਧ ਬਤਾਏ ॥੩॥ ਭੂਮ ਅਕਾਸ ਪਤਾਰ ਸਬੈ ਸਜਿ ਏਕ ਅਨੇਕ ਸਦਾਏ ॥ ਸੋ ਨਰ ਕਾਲ ਫਾਸ ਤੇ ਬਾਚੇ ਜੋ ਹਰਿ ਸਰਨਿ ਸਿਧਾਏ ॥੪॥੬॥ ਸੋਰਠਿ ਪਾਤਿਸਾਹੀ ॥੧੦॥ ਅਬ ਕੈਤੋ ਰਾਜਪੂਤ ਕਹਾਊ ॥ ਪਾਂਚਮ ਵਾਸੀ ਘਰ ਕੇ ਸਾਧੋ ਅਪਨੇ ਰਾਹ ਚਲਾਊ ॥੧॥ ਕਾਮ ਕ੍ਰੋਧ ਕਮਰ ਕਟਾਰਾ ਬਸਿ ਕਰਿ ਬਾਂਧੋ ਤਤ ਤਰਵਾਰ ਬੰਧਾਂਊ ॥ ਸਹਜ ਸੁਰਤਿ ਕਾ ਤਰਕਸ ਬਾਧੋ ਨਿਰਤਿਕ ਮਾਣ ਚੜਾਊ ॥੧॥ ਘੋੜਾ ਗਿਆਨ ਸੰਤੋਖ ਲਗਾਮੀ ਸਤ ਕੋ ਜੀਨ ਕਸਾਊ ॥ ਗਗਨ ਮੰਡਲ ਕਉ ਕਰੌ ਪਯਾਨਾ ਭੈ ਕੋ ਚਾਬਕ

੭



ਲਾਊ ॥੨॥ ਗੁਰ ਕਾ ਸਬਦੁ ਸੰਜੋਆ ਪਹਰਉ ਸੋਹੈ ਟੋਪ ਬਨਾਊ ॥ ਉ*ਡਤੀ ਕਾਗ ਨ ਸਰ ਪਰ ਮਾਰੌ ਸਭ ਭੈ ਦੂੰਦ ਮਿਟਾਊ ॥੩॥ ਪਹਿਲੀ ਚੋਟ ਬਿਲਾਈ ਮਾਰ ਉਸ ਸਾਥਾਨ ਘਰਿ ਘਾਊ ॥ ਯਹ ਮਨ ਮਿਰਗ ਕਾਲੁ ਹਰਿ ਕਾਲ ਜੀਵਤ ਫਾਂਧ ਕਰਿ ਲਿਆਂਊ ॥੪॥ ਅਲਖ ਪੁਰਖ ਕੀ ਕਰਉ ਚਾਕਰੀ ਚਿਹਰਾ ਜਾਇ ਲਿਖਾਊ ॥ ਘੋੜੇ ਦਗ ਗੋਬਿੰਦ ਕੇ ਭਗਤਿ ਦਾਦਨੀ ਪਾਂਉ ॥੫॥੭॥

ਸੋਰਠਿ ਪਾਤਿਸ਼ਾਹੀ ॥੧੦॥ ਪ੍ਰਭ ਜੀ ਤੋ ਕਹ ਲਾਜ ਹਮਾਰੀ ॥ ਨੀਲ ਕੰਠ ਨਰਹਰਿ ਨਾਰਾਇਣ ਨੀਲ ਬਸਨ ਬਨਵਾਰੀ ॥੧॥ ਪਰਮ ਪੁਰਖ ਪਰਮੇਸ੍ਰਰ ਸੁਆਮੀ ਪਾਵਨ

੮



ਪਵਨ ਅਹਾਰੀ ॥ ਮਾਧਵ ਮਹਾਂ ਜੋਤਿ ਮਧ ਮਰਦਨ ਮਾਨ ਮੁਕੰਦ ਮੁਰਾਰੀ ॥੨॥ ਨਿਰਬਿਕਾਰ ਨਿਰਜੁਰ ਨਿੰਦ੍ਰਾ ਬਿਨੁ ਨਿਰਬਿਖ ਨਰਕਿ ਨਿਵਾਰੀ ॥ ਕ੍ਰਿਪਾ ਸਿੰਧ ਕਾਲ ਤ੍ਰੈਦਰਸੀ ਕੁਕ੍ਰਿਤ ਪ੍ਰਨਾਸਨ ਕਾਰੀ ॥ ਧਨਰਪਾਣ ਧ੍ਰਿਤਮਾਨ ਧਰਾ ਧਰ ਅਨ ਬਿਕਾਰ ਅਸਧਾਰੀ ॥ ਹਉ ਮਤ ਮੰਦ ਚਰਨ ਸਰਨਾਗਤਿ ਕਰੁ ਗਹਿ ਲੇਹੁ ਉਬਾਰੀ ॥੪॥੭॥ ਸੋਰਠਿ ਪਾਤਿਸਾਹੀ ॥੧੦॥ ਭੇਖੀ ਜੋਗਨ ਭੇਖ ਦਿਖਾਏ ਨਾਹਿਨ ਜਟਾ ਬਿਭੂਤ ਨਖਨ ਮੈ ਨਾਹਿਨ ਬਸਤ੍ਰ ਰੰਗਾਏ ॥੧॥ ਰਹਾਉ॥ ਜਉ ਬਨ ਬਸੈ ਜੋਗ ਕਹ ਪਾਈਐ ਪੰਛੀ ਸਦਹੀ ਬਸਤ ਬਨੈ ॥ ਕੁੰਚਰ ਸਦਾ ਧੂਰਿ ਸਿਰਿ ਮੇਲਤ ਦੇਖਹੁ ਤੁਮ ਹੀ ਸਮਝ ਮਨੈ ॥੧॥ ਦਾਦਰ ਮੀਨ ਸਦੀ ਤੀਰਥ

੯



ਮੋ ਕਰਯੋ ਕਰਤ ਇਸਨਾਨਾ ॥ ਧਿਆਨ ਬਿਲਾੜ ਬਕੀ ਬਕਲਾਵਤ ਤਿਨ ਕਿਆ ਜੋਗੁ ਪਛਾਨਾ ॥੨॥ ਜੈਸੇ ਕਸਟ ਠਗਨ ਕਉ ਠਾਟਤ ਐਸੇ ਹਰਿ ਹਿਤ ਕੀਜੈ ॥ ਤਬ ਹੀ ਗਿਆਨ ਤਤ ਕਉ ਜਾਨੈ ਪਰਮ ਪਯੂਖਹਿ ਪੀਜੈ ॥੩॥੮॥ ਸੋਰਠਿ ਪਾਤਿਸਾਹੀ ॥੧੦॥ ਜੋਗੀ ਜੋਗ ਜਟਨਿ ਮੋ ਨਾਹੀ ॥ ਭ੍ਰਮ ਭ੍ਰਮ ਮਰਤ ਕਹਾ ਪਚਿ ਪਚਿ ਕਰ ਦੇਖਿ ਸਮਝਿ ਮਨ ਮਾਹੀ ॥੧॥ ਰਹਾਉ॥ ਜੋ ਜਨ ਮਹਾਂ ਤਤ ਕਉ ਜਾਨੈ ਪਰਮ ਗਿਆਨ ਕਉ ਪਾਵੈ ॥ ਤਬ ਇਹ ਏਕ ਠਉਰ ਮਨ ਰਾਖੈ ਦਰ ਦਰ ਭ੍ਰਮਤ ਨ ਧਾਵੈ ॥੧॥ ਕਹਾਂ ਭਯੋ ਗ੍ਰਿਹੁ ਤਜਿ ਉਠਿ ਭਾਗੋ ਬਨ ਮੈ ਕੀਨ ਨਿਵਾਸਾ ॥ ਮਨ ਤੋ ਰਹਾ

੧੦



ਸਦਾ ਘਰ ਹੀ ਮੈ ਸੋ ਨਹੀ ਭਯੋ ਉਦਾਸਾ ॥੨॥ ਅਧਿਕ ਪ੍ਰਪੰਚ ਦਿਖਾਇ ਠਗਾ ਜਗੁ ਜਾਨ ਜੋ ਗੁਕੇ (ਦ) ਜੋਰਾ ॥ ਤੁਮ ਜੀਅ ਲਖੀ ਤਜੀ ਹਮ ਮਾਇਆ ਮਾਇਆ ਤਮੈ ਨ ਛੋਰਾ ॥੩॥੧੦॥ ਰਾਗੁ ਰਾਮਕਲੀ ਪਾਤਿਸਾਹੀ ॥੧੦॥ ਰੇ ਮਨ ਇਹ ਬਿਧਿ ਜੋਗੁ ਕਮਾਉ ॥ ਸਿੰਙੀ ਸਾਚ ਅਕਪਟ ਕੰਠਲਾ ਧਿਆਨ ਬਿਭੂਤ ਚੜਾਉ ॥੧॥ ਤਾਤੀ ਗਹੁ ਆਤਮ ਬਸਿ ਕਰਿ ਕੈ ਭਿਛਾ ਨਾਮ ਅਧਾਰੰ ॥ ਬਾਜੈ ਪਰਮ ਤਾਰ ਤਤ ਹਰਿ ਕੋ ਉਪਜੈ ਰਾਗ ਰਸਾਰੰ ॥੨॥ ਉਘਟੈ ਤਾਨ ਤਰੰਗ ਰੰਗ ਅਤਿ ਗਿਆਨ ਗੀਤ ਬੰਧਾਨੰ ॥ ਚਕਿ ਚਕਿ ਰਹੇ ਦੇਵ ਦਾਨਵ ਮੁਨਿ ਛਕਿ ਛਕਿ ਬਿਓਮ ਬਿਵਾਨੰ ॥੩॥ ਆਤਮ

੧੧



ਉਪਦੇਸ ਭੇਸ ਸੰਜਮ ਕੋ ਜਾਪ ਅਜਪਾ ਜਾਪੈ ॥ ਸਦਾ ਰਹੈ ਕੰਚਨ ਕੀ ਕਾਂਇਆਂ ਕਾਲ ਨ ਕਬਹੂੰ ਬਿਆਪੈ ॥੪॥੧੧॥ ਰਾਗੁ ਰਾਮਕਲੀ ਪਾਤਿਸਾਹੀ ॥੧੦॥ ਰੇ ਮਨ ਐਸੋ ਕਰ ਸੰਨਿਆਸਾ ॥ ਬਨ ਸੇ ਸਦਨ ਸਦਾ ਕਰ ਸਮਝਹੁ ਮਨ ਹੀ ਮਾਹਿ ਉਦਾਸਾ ॥੧॥ ਰਹਾਉ॥ ਜਤ ਕੀ ਜਟਾ ਜੋਗ ਕੋ ਮੰਜਨੁ ਨੇਮ ਨ ਨਖਨ ਬਢਾਓ॥ ਗਿਆਨ ਗੁਰੂ ਆਤਮ ਉਪਦੇਸਹੁ ਨਾਮ ਬਿਭੂਤ ਲਗਾਓ ॥੧॥ ਅਲਪ ਅਹਾਰ ਸੁਅਲਪਸੀ ਨਿੰਦ੍ਰਾ ਦਯਾ ਛਿਮਾ ਤਨ ਪ੍ਰੀਤਾ ॥ ਸੀਲ ਸੰਤੋਖ ਸਦਾ ਨਿਰਬਾਹਿਬੋ ਹ੍ਵੈਬੋ ਤ੍ਰਿਗੁਣ ਅਤੀਤਾ ॥੨॥ ਕਾਮ ਕ੍ਰੋਧ ਅਹਿੰਕਾਰ ਲੋਭ ਹਠ ਮੋਹ ਨ ਮਨ ਸੋਂ ਲਿਆਵੈ ॥ ਤਬਹੀ ਆਤਮ

੧੨



ਤਤ ਕਉ ਪਰਸੇ ਪਰਮ ਪੁਰਖ ਕਉ ਪਾਵੈ ॥੩॥੧੨॥

੧ਓ ਸਤਿਗੁਰ ਪ੍ਰਸਾਦਿ ॥ ਪ੍ਰੇਮ ਸਮਾਰਗ ਗਿਰੰਥ ਲਿਖਤੇ ॥ ਪਾਤਿਸਾਹੀ ੧੦ ॥ ਆਗਿਆ ਸ੍ਰੀ ਅਕਾਲ ਪੁਰਖ ਜੀ ਕੀ ਸਿਉ ਧਿਆਉ ਪਹਲਾ ॥ ਉਪਦੇਸ ਬੰਦਗੀ ਸਿਮਰਨ ਕੀ ਰਹਤ ਕਾ ॥ ਅਕਾਲ ਪੁਰਖ ਕੀ ਬਾਚਾ ਇਸ ਕੀਟ ਪ੍ਰਤਿ ॥ ਹੇ ਪੁਤ੍ਰ ਤੇਰਾ ਰੂਪ ਮੈ ਅਪਨੇ ਰੂਪ ਤੇ ਸਾਜਿ ਸਵਾਰਿਆ ਹੈ ਨਿਵਾਜਿਆ ਹੈ ॥ ਸੰਸਾਰ ਬਿਖੈ ਪੰਥ ਪਰਚਾ ਕਰਿਬੇ ਕੋ ॥ ਕੈਸਾ ਪੰਥੁ ਜਿਸ ਤੇ ਧਰਮ ਕਾ ਪ੍ਰਗਾਸ ਹੋਇਗਾ ਅਰੁ ਕਬੁਧਿ ਕਾ ਨਾਸੁ ਹੋਇਗਾ ॥ ਅਰੁ ਸਬੁਧਿ ਕਾ ਪ੍ਰਗਾਸੁ

੧੩



ਹੋਇਗਾ ॥ ਅਰੁਮੈ ਜੋਹੌ ਸੋ ਪਰਮ ਪੁਰਖ ਹੌ ਮੇਰੇ ਜਾਣਨੇ ਬਿਨਾ ਅਉਰ ਦੂਸਰੇ ਕਉ ਜਾਣਨਾ ਨਹੀ ॥ ਇਹ ਜੋ ਪੰਥ ਮੈ ਪ੍ਰਗਟੁ ਕੀਆ ਹੈ ਸੋ ਰਿ*ਜੋਇ ਜੀਅਨ ਕਉ ਮੈ ਦਸ ਜਾਂਮਿਆਂ ਬਿਖੈ ਉਪਦੇਸ ਸਬਦ ਕਾ ਕਰਿ ਦੇ ਤਾਰਹਿਆ ਹੌ ॥ ਤਾਂ ਅਬ ਤਾਂਈ ਇਨਤੇ ਦੁਨੀਆਂ ਕੀ ਲਜਾਕਰਿ ਕੈ ਕਬੁਧਿ ਗਈ ਉਨਾ ਹੀ ॥ ਅਰੁ ਜੋ ਕਛੁ ਕਰਮ ਕੀਤਾ ਸੋ ਮਨੁਖ ਤੇ ਛਪਾਇ ਕਰਿ ਕੀਤਾ ਹੈ ॥ ਅਰੁ ਮੈ ਜੋ ਹੌ ਸੋ ਪੁਰਖੁ ਹੌ ਸਰਬ ਘਟਾਂ ਬਿਖੈ ਸਮਾਇ ਰਹਿਆ ਹੌ ਅਰੁ ਬਿਆਪਿ ਰਹਾ ਹੌ ॥ ਪਰੁ ਜਾਨੋ ਤਾਂ ਮੁਝ ਤੇ ਕਿਆ ਛਪਾਵਤੇ ਹੋ ॥ ਅਰੁ ਸਬਦ ਕੀ ਤੁਮ ਆਗਿਆ ਮਾਨੀ ਨਾਹੀ ॥ ਅਰੁ ਗੁਰੂ ਜੋ ਦਸ ਜਾਮੇ ਪੈਧੇ

੧੪



ਸਨਿ ਸੋ ਉਧਾਰਨੇ ਵਾਸਤੇ ॥ ਜੋ ਏਹੁ ਸੰਸਾਰ ਪਾਪੀ ਹੈ ਕਿਵੈ ਉਧਾਰ ਹੋਵੈ ॥ ਅਰੁ ਅਬ ਕਲਿਜੁਗ ਨੇ ਅਸਲ ਆਗਿਆ ਸੋ ਬਹੁਤ ਕੀਏ ਹੈ ॥ ਅਬ ਜੇਤੇ ਪੰਥਿ ਹੈਨਿ ਸੋ ਸਭ ਮਲੇਛ ਪੰਥਿ ਸਿਉ ਮਿਲਿ ਜਾਂਹਿਗੇ ॥ ਅਰੁ ਮਲੇਛ ਪੰਥੁ ਭੀ ਹੁਕਮ ਪਾਇਕੈ ਪ੍ਰਗਟਿਆ ਹੈ ॥ ਜੇ ਇਸ ਕੀ ਕਥਾ ਲਿਖੀਐ ਤਉ ਗਿਰੰਥ ਬਢਿ ਜਾਇ ॥ ਅਰੁ ਮਲੇਛ ਪੰਥੁ ਭੀ ਅਪਨੇ ਧਰਮ ਬੀਚ ਲਿਗਇਆ ਹੈ ਭੂਲਾ ਹੈ ॥ ਅਬ ਮੈ ਇਸ ਕਉ ਤਤ ਪ੍ਰਜਾ ਕਰਿ ਦੇਤਾ ਹੌ ॥ ਪਰੁ ਇਸ ਕਾ ਪ੍ਰਗਾਸ ਦਿਨੋ ਦਿਨ ਬਹੁਤੁ ਹੋਇਗਾ ॥ ਅਰੁ ਹੋਇਆ ਹੈ ॥ ਕਲੂ ਬਿਆਪਿ ਜਾਇਗਾ ਅਰੁ ਬਿਆਪਿਆ ਹੈ ॥ ਪੁਤ੍ਰ ਮਾਤਾ ਕੀ ਸੇਜ ਪਰਿ ਚੜੇਗਾ



ਅਰੁ ਭਾਈ ਬਹਿਨ ਕੀ ਸੇਜ ਉਪਰਿ ਚੜੇਗਾ ॥ ਅਰੁ ਪਿਤਾ ਬੇਟੀ ਕੀ ਸੇਜ ਪਰਿ ਚੜੇਗਾ ਅਰੁ ਰਾਵਹਿਗੇ ਭੋਗ ਕਰਹਿਗੇ ॥ ਅਰੁ ਇਸ ਥੀ ਉਪਰੰਤ ਕਉਨ ਕਉਨ ਬੀਚਾਰੁ ਗਨੀਐਗਾ ॥ ਅਰੁ ਰਾਜੇ ਪਰਜਾ ਕਉ ਰੋਟਿਆਂ ਖਾਨਿ ਨ ਦੇਹਿਗੇ ॥ ਦੁਖੁ ਦੇਵਹਿਗੇ ॥ ਤਾਂ ਧਰਤੀ ਇਨਾ ਪਾਪਾਂ ਦਾ ਭਾਰੁ ਉਠਾਇ ਨ ਸਕੇਗੀ ॥ ਥੋੜੇ ਵਿਚਿ ਬਹੁਤੁ ਬਿਸਥਾਰ ਹੋਇਗਾ ॥ ਅਰੁ ਬਹੁਤੁ ਬਿਸਥਾਰ ਹੋਵਣੇ ਦੇ ਵਾਸਤੇ ਏਹੁ ਕਹਿਆ ਹੈ ॥ ਜੋ ਕਛੁ ਚਲਣੁ ਚਲਣਾ ਹੋਇਗਾ ਸੋ ਚਲੈਗਾ ॥ ਸਹੰਸ ਬਾਤ ਕੀ ਇਹ ਏਕ ਹੀ ਬਾਤ ਹੈ ਜੋ ਬਿਰਦੁ ਜਾਨਿ ਕੈ ਸਤਿਗੁਰੂ ਜੀ ਨੇ ਕਹੀ ਹੈ ॥ ਤਬ ਬਿਰਦੁ ਜਾਨਿ ਕੈ ਦਸ ਜਾਂਮੇ ਇਨਾਂ





ਜੀਆਂ ਦੇ ਵਾਸਤੇ ਸਤਿਗੁਰੂ ਪੈਧੇ ਸੇ ਜੋ ਇਨ ਜੀਆਂ ਕੀ ਪਾਰਗਰਾਮੀ ਹੋਵੈ ॥ ਅਰੁ ਏਹੁ ਪੰਥੁ ਗੁਰੁ ਕਾ ਕਹਾਇਆ ਥਾ ॥ ਅਰੁ ਅਬ ਜੋ ਮਹਾਂ ਪਾਪ ਹੋਨਿਗੇ ਕੋਈ ਕਿਸੈ ਕਉ ਬਦੈਗਾ ਨਾਹੀ ॥ ਪਿਆਰੁ ਭਾਉ ਭਗਤਿ ਉਠਿ ਜਾਇਗੀ ॥ ਅਰੁ ਮਨ ਮਤਿ ਚਲ ਜਾਇਗੀ ॥ ਇਸ ਤੇ ਮਿਹਰ ਕਰਿਕੈ ਆਪਣਾ ਜਾਣ ਕਰਿਕੈ ॥ ਇਤ ਤੇ ਮਿਲ ਕੈ ਸ੍ਰੀ ਅਕਾਲ ਪੁਰਖ ਜੀ ਖਾਲਸਾ ਕੀਤਾ ਹੈ ॥ ਅਰੁ ਕਲਿਜੁਗ ਕਉ ਏਹੁ ਆਗਿਆ ਹੋਈ ਹੈ ਜੋ ਇਸ ਥੀ ਸਿਵਾਇ ਜੋ ਕੋਈ ਹੋਰੁ ਪੰਥੁ ਹੈ ਸੋ ਸਭ ਮਲੇਛ ਪੰਥੁ ਸੋ ਮਿਲਾਇ ਦੇਹਿ ॥ ਕਿਸ ਵਾਸਤੇ ਜੋ ਅੰਤ ਮਲੇਛ ਪੰਥ ਕਾ ਭੀ ਨਾਸੁ ਹੈ ਅਰੁ ਨਰਕਿ ਗਾਮੀ ਹੋਇਗਾ ॥

੧੭



ਸੰਮਤ ਸਤਾਰਾ ਸੈ ਪਚਵੰਜੇ ॥੧੭੫੫॥ ਮਹਿ ਜੋ ਕੋਈ ਇਸ ਪੰਥ ਵਿਖੇ ਆਵੈਗਾ ਸੋ ਅਪਨੇ ਧਰਮ ਬਿਖੇ ਰਹੇਗਾ ॥ ਨਹੀ ਤਾਂ ਕਲਿਜੁਗ ਗਿਰਾਸ ਲਏਗਾ ॥ ੪੫੫॥ ਕਲਿਜੁਗ ਕੇ ਬਿਖੈ ਸਤਿਜੁਗ ਵਰਤੈਗੋ ॥ ਬੋਧਿ ਜੀਉ ਉਸਕਾ ਨਾਉ ਹੋਇਗਾ ॥ ਮਾਘ ਸੁਦੀ ੫ ਦਿਨ ॥ ਰਾਤਿ ਪਿਛਲੀ ॥ ਘੜੀਆਂ ੧੦ ਪਲ ੩੨ ਤਿਤੁ ਸਮੇ ਜਨਮ ਸ੍ਰੀ ਬੋਧਿ ਜੀ ਭਇਓ ॥ ਸੰਮਤ ੨੬੬ ॥ ਤਹਾਂ ਸਤਜੁਗ ਕੋ ਰਾਜੁ ਵਰਤੈਗੋ ॥ ਕਲਿਜੁਗ ਮਧੇ ਬਰਖ ੧੭੩੦ ॥ ੨੫ ਇਤਨਾ ਪ੍ਰਮਾਨ ਹੋਇਗੋ ॥ ਉਪਰੰਤ ਕਲਿਜੁਗ ਕੋ ਬਹੁਤੁ ਜੋਰੁ ਹੋਇਗੋ ॥ ਕਲਿਜੁਗ ਵਰਤਿ ਜਾਇਗੋ ਨਾਲੇ

੧੮



ਜੋਰੁ ਹੋਇਗੋ ॥ ਸਤਜੁਗ ਆਰਬਲਾ ਮਾਨੁਖ ਕੀ ੨੦੫ ਤਿਤੁ ਸਮੇ ਸੁਖੁ ਬਹੁਤੁ ਹੋਇਗੋ ॥ ਸਤਿਜੁਗ ਕੇ ਦਰਮਿਆਨਿ ਜੋ ਬਰਤਮਾਨੁ ਹੋਇਗਾ ॥ ਸੋ ਥਿਤੀ ਪ੍ਰਮਾਨ ੧੭ ਨਿਛੜ੍ਹਾ ॥੩੬॥ ਵਾਰ ਪ੍ਰਮਾਨ ਬਾਰਾ ॥੧੨॥ ਮਾਸੇ ਪ੍ਰਮਾਨ ਚਉਦਹ ॥੧੪॥ ਦਿਨ ਮਹੀਨੇ ਕੇ ੫੦ ॥ ਦਿਨ ਕੀਆਂ ਘੜੀਆ ਪੈਤਾਲੀ ॥ ੪੫॥ ਰਾਤਿ ਪ੍ਰਮਾਨ ਪੈਤਾਲੀ ੪੫ ਅੰਤ ਕਾਲ ਅਪਨੇ ਸੰਤ ਖਾਲਸੇ ਕੀ ਰਛਿਆ ਵਾਸਤੇ ॥ ਕਿਉ ਜੋ ਮਲੇਛ ਪੰਥ ਕਾ ਭੀ ਜੋਰੁ ਹੋਇਗਾ ਤਬ ਸੰਕੁਲਨ ਗਰੀ ਬਿਖੇ ਪ੍ਰਗਾਸੁ ਲੇਵੈਗਾ॥ ਦੁਸਟਾਂ ਕਾ ਸੰਘਾਰੁ ਕਰੈਗਾ ਪਰੁ ਖਾਲਸੇ ਤੇ ਓਰੇ ਹੀ ਹੋਇਗਾ॥ ਅਰੁ ਧਰਮ ਕੀ ਧਜਾ ਜਾਹ

੧੯



ਚਿ ਕਰਵਾਈਐ ਗੀ ਕੀਚੇ ਗੀ ॥ ਅਰੁ ਮਲੇਛ ਪੰਥ ਕਾ ਬੀ ਨਾਸੁ ਕਰਵਾਏਂਗਾ ॥ ਪ੍ਰਗਾਸ ਮਰਦ ਕੇ ਚੇਲੇ ਕਾ ਹੋਇਗਾ ਸੰਕੁਲ ਨਗਰੀ ਬਿਖੈ ਹੋਇਗਾ ਅਪਨੇ ਰੂਪ ਤੇ ਪੈਦੇ ਕਰਵਾਈਏਗਾ ॥ ਅਰੁ ਦੀਵਾਨ ਮਕੂਫ ਕਰਵਾਈਐਗਾ ਅਰੁ ਜੋ ਕੋਈ ਮਨੁਖ ਨੋ ਗੁਰੂ ਕਹੈਗਾ ਉਸ ਦੀ ਜੀਭ ਕਟਵਾਇ ਡਾਲੀਏਗਾ ॥ ਅਰੁ ਕਹੇਗਾ ਮੈ ਪਰਮ ਪੁਰਖੁ ਕਾ ਦਾਸ ਹੌ ਮਰਦ ਕਾ ਚੇਲਾ ਹੌ ॥ ਅਰੁ ਜਿਤਨੀਆਂ ਮੰਜੀਆਂ ਹੋਨਿਗਿਆਂ ਤਿਤਨਿਆਂ ਸਭਨਾ ਕਾ ਨਾਸੁ ਹੋਇਗਾ ॥ ਕਿਉ ਜੋ ਓਤਿ ਸਮੇ ਦੀਵਾਨ ਸਭ ਮਕੂਫ ਹੋਨਿਗੇ ॥ ਓਤ ਸਮੈ ਕੇ ਅਗਲੀਆਂ ਕੇ ਪਿਛਲੀਆਂ ਮੰਜੀਆਂ ਕਾ ਨਾਸੁ ਕਰੇਗਾ ॥

੨੦



ਅਰੁ ਇਕ ਸੰਨਿਆਸੀ ਬੈਰਾਗੀ ਜੋਗੀ ਮੰਜੀਆਂ ਪਾਇ ਬਹਿਨਿਗੇ ਤਿਨਕਾ ਏਹ ਹਵਾਲਾ ਕਰਉਗਾ ਜੋ ਨਰਕ ਘੋਰ ਮੈ ਗੋਤੇ ਦੇਵਾਂਉਗਾ ॥ ਅਰੁ ਝੂਠੇ ਗੁਰੂ ਜੋ ਮਾਇਆ ਕੇ ਵਾਸਤੇ ਡੰਫੂ ਕਰਿਕੈ ਸਿਖਾਂ ਨੂ ਕੁਲਾਇਨਿਗੇ ॥ ਅਰੁ ਉਹ ਸਿਖ ਭੀ ਮਾਇਆ ਹੀ ਦੇ ਵਾਸਤੇ ਹੋਨਿਗੇ ॥ ਅਰੁ ਓਹ ਜੋ ਗੁਰੂ ਸਦਾਇਨਿਗੇ ਸੋ ਕਿਉ ਕਰਿ ਕਹਨਿਗੇ ਜੋ ਹਮ ਹੀ ਹੈ ਹੋਰ ਕੋਈ ਨਹੀ ॥ ਅਰੁ ਇਕੁ ਆਖਨਿਗੇ ਜੋ ਹਮ ਪੁਤ੍ਰ ਹੈ ॥ ਅਰੁ ਇਕ ਆਖਨਿਗੇ ਜੋ ਹਮ ਕਉ ਆਗਿਆ ਹੈ ਹੁਕਮੁ ਹੈ ॥ ਅਰੁ ਸਿਖ ਭੇਖਧਾਰੀ ਆਖਨਿਗੇ ਜੋ ਏਈ ਗੁਰੂ ਹੈਨਿ ॥ ਮਾਇਆ ਦੇ ਭੁਖੇ ਅਹੰਕਾਰੀ ਓਨਾਂ ਦੇ ਪਿਛੇ ਲਗਿ ਜਾਨਿਗੇ ॥

੨੧



ਅਰੁ ਜਿਨਾ ਦੇਖੋ ਦੇਖੀ ਸਿਖ ਕਹਾਇਆ ਥਾ ॥ ਅਰੁ ਆਖਨਿਗੇ ਜੋ ਅਸਾਂ ਜੇਹਾ ਕੋਈ ਨਹੀ ਓਹ ਸਭੇ ਨਰਕ ਜਾਵਨਿਗੇ॥ ਜਿਨਾ ਨੋ ਗੁਰੂ ਕਹਨਿਗੇ ॥ ਅਰੁ ਜਿਨਾ ਨੋ ਗੁਰੂ ਰਖਿ ਲਏਗਾ ਤਿਨਾ ਕਉ ਆਪਣੀ ਸਰਣੀ ਰਖੇਗਾ ॥ ਤਿਨ ਹੀ ਕੇ ਪਰਥਾਇ ਇਹ ਗਿਰੰਥ ਰਹਿ ਤਾਂ ਚਲਣਾਂ ਕਾ ਹੋਇਆ ਹੈ ਜਿਸ ਦੇ ਮੰਨੇ ਤੇ ਉਧਾਰ ਹੋਇਗਾ ਸੁਖਾਲਾ ਹੀ ਰਹੇਗਾ ॥ ਜੋ ਕੋਈ ਮੰਨੇਗਾ ਸ੍ਰੀ ਅਕਾਲ ਪੁਰਖ ਕੀ ਆਗਿਆ ਸੋ ਦਾਨੁ ਇਨਾਂ ਜੀਆ ਨੋ ਹੋਇਆ ਹੈ ॥ ਜੋ ਕੋਈ ਮੰਨੈਗਾ ਸੁਣੈਗਾ ਕਮਾਵੈਗਾ ਸੋ ਉਧਰੈਗਾ ਅਰੁ ਜੋ ਸਿਖ ਖਾਲਸੇ ਸ੍ਰੀ ਅਕਾਲ ਪੁਰਖੁ ਕਾ ਹੋਇਗਾ ਸੋ ਹੋਰੁ ਦੂਸਰੇ ਮਨੁਖ ਕੇ

੨੨



ਜਾਂਮੇ ਨੋ ਮੰਨੈਗਾ ਨਾਹੀ ॥ ਜਹਾਂ ਜੋਤਿ ਸਬਦ ਕੀ ਹੋਇਗੀ ਤਹਾਂ ਪੂਜਾ ਕਰਨੀ ॥ ਅਰੁ ਕਈ ਝੂਠੇ ਗੁਰੁ ਕਹਾਇਨਿਗੇ ਓਇ ਨ ਮੰਨਨਿਗੇ ॥ ਤਬ ਇਕ ਮਰਦ ਕਾ ਚੇਲਾ ਉਠੇਗਾ ॥ ਅਰੁ ਹਿੰਦੂ ਮੁਸਲਮਾਨ ਹੋਰ ਜੋ ਕੋਈ ਪੰਥ ਝੂਠ ਕਮਾਵਣ ਵਾਲਾ ਹੋਇਗਾ ਸੋ ਸਭੁ ਕਾ ਨਾਸੁ ਕਰੈਗਾ ॥ ਅਰੁ ਸਚੁ ਦ੍ਰਿੜਾਏਗਾ ਅਰੁ ਮਾਰਗ ਇਸ ਗਿਰੰਥ ਕੇ ਚਲਾਏਗਾ । ਤਬ ਸਭ ਕਿਸੇ ਕੀ ਕਬੁਧਿ ਕਾ ਨਾਸੁ ਹੋਇਗਾ ॥ ਸਬੁਧਿ ਕਾ ਪ੍ਰਗਾਸੁ ਹੋਇਗਾ ਧਰਮੁ ਦ੍ਰਿੜਾਏਗਾ ॥ ਤਬ ਬਹੁਤ ਚਿਰੁ ਇਸੀ ਜੁਗਤਿ ਵਰਤਾਰਾ ਵਰਤੇਗਾ ॥ ਅਰੁ ਮਰਦ ਕਾ ਚੇਲਾ ਜੋ ਉਠੇਗਾ ਸੋ ਅਪਨੇ ਖਾਲਸੇ ਹੀ ਤੇ ਉਠੇਗਾ ॥ ਸੋ ਉਸ ਵਿਚਿ

੨੩



ਕਲਾ ਆਪਣੇ ਪ੍ਰਗਾਸ ਕੀ ਬਖਸੀਏਗੀ ॥ ਬੰਦਗੀ ਕੀ ਤਰਫ ਗੁਰਹਾਈ ਬਖਸੀਏਗੀ ॥ ਪਰੁ ਗੁਰੂ ਉਹ ਭੀ ਸਦਾਏਗਾ ਨਾਹੀ ॥ ਇਸ ਥੀ ਸਿਵਾਇ ਸ੍ਰੀ ਅਕਾਲ ਪੁਰਖ ਕੀ ਆਗਿਆ ਸਿਉ ਹਿਕ ਹੋਰ ਬੰਦਾ ਭੀ ਮੁਸਲਮਾਨ ਉਠੇਗਾ॥ ਪਛਮ ਦਿਸਾ ਤੇ ਸੋ ਮਹਾਂ ਬਲੀ ॥ ਤਬ ਉਸਕੇ ਨਾਸ ਕਰਨੇ ਕੇ ਨਮਿਤਿ ॥ ਅਰੁ ਸੰਤ ਖਾਲਸਾ ਕੀ ਰਛਿਆ ਕੇ ਵਾਸਤੇ ਜੁਗ ਬਦਲ ਕੇ ਪ੍ਰਗਾਸ ਹੋਇਗਾ ॥ ਦੀਵਾਨੁ ਲਗੈਗਾ ਸਤਿਗੁਰੂ ਕਾ ਵਰਤਾਰਾ ਵਰਤੈਗਾ ॥ ਜੋ ਕੋਈ ਇਨਾਂ ਰਹਿਤ ਦੇ ਪੰਥ ਚਲੇਗਾ ਸਤਿਕਰਿ ਮੰਨੈਗਾ ॥ ਸੋ ਪਾਰਗਿਰਾਮੀ ਹੋਇਗਾ ॥ ਅਤੇ ਇਸ ਦੁਨੀਆਂ ਬਿਖੈ ਸੁਖਾਲਾ ਰਹੈਗਾ ਅਤੇ

੨੪



ਉਸ ਕੇ ਸੰਗੀ ਭੀ ਤਰਹਿਗੇ ॥ ਅਤੇ ਅਗਲੀਆਂ ਪਿਛਲੀਆਂ ਕੁਲਾਂ ਕਾ ਉਧਾਰੁ ਹੋਇਗਾ ॥ ਅਰੁ ਪਰਮਲੋਕ ਬਿਖੇ ਜਹਾਂ ਸਚੁਖੰਡੁ ਹੈ ਤਹਾਂ ਸੰਤ ਖਾਲਸਾ ਸ੍ਰੀ ਅਕਾਲ ਪੁਰਖ ਕੀ ਸੰਗਤਿ ਹੈ ਤਹਾਂ ਉਸ ਪ੍ਰਾਨੀ ਕਾ ਨਿਵਾਸ ਹੋਇਗਾ ॥ ਜੋ ਇਨਾਂ ਰਹਿਤਾਂ ਕਉ ਕਮਾਵੈਗਾ ਸਚੁ ਕਰਿ ਮੰਨੇਗਾ ਸੋ ਉਧਰੈਗਾ ॥ ਪਹਿਲਾ ਬਚਨੁ ਰਹਿਤ ਕਾ ਇਸ ਕੇ ਉਧਾਰ ਕਰਨਿ ਕਾ ਸੁਨ ॥ ਤਾਂ ਆਗਿਆ ਸ੍ਰੀ ਅਕਾਲ ਪੁਰਖੁ ਜੀ ਕੀ ਹੋਈ ਹੈ ਜੋ ਇਸ ਪ੍ਰਾਨੀ ਕਉ ਇਹੁ ਚਹੀਤਾ ਹੈ ॥ ਜੋ ਪਹਿਰ ਰਾਤਿ ਪਿਛਲੀ ਰਹੈ ਤਾਂ ਅੰਮ੍ਰਿਤ ਵੇਲੇ ਉਠੇ ॥ ਉਠਿ ਕਰਿ ਤਾਜੇ ਪਾਣੀ ਨਾਲਿ ਇਸਨਾਨੁ ਕਰੇ ॥ ਅਰੁ ਜਉ ਜਾਣੈ ਜੋ ਕਦਾਂਚ ਦੇਹੀ ਨੂ ਤਾਜਾ

੨੫



ਪਾਣੀ ਨਾਮਾਫਕਨ ਹੋਇ ਤਾਂ ਗਰਮ ਕਰਿਕੈ ਪਾਣੀ ਕੇ ਸਾਥਿ ਨਾਵੈ ਸਿਰ ਪਾਣੀ ਪਾਵੈ ਜੇ ਬੇਹਾ ਪਾਣੀ ਹੋਇ ਤਾਂ ਗਰਮੁ ਕਰਿ ਲੇਵੈ ॥ ਅਤੇ ਜੇ ਕਦਾਂਚ ਜਾਣੈ ਜੋ ਕੋਈ ਸਬਬੁ ਨ ਬਣੇ ॥ ਅਥਵਾ ਪਾਣੀ ਹਥਿ ਨਾ ਆਵੈ ਅਕੈ ਦੇਹੀ ਨੋ ਕਛੁਰੀਲਾ ਹੋਇ ਤਾਂ ਮੁਹ ਹਥ ਪੈਰਾਂ ਅਤੇ ਗੋਡਿਆਂ ਤਕ ਧੋਇ ਲੇਵੈ ਅਰੁ ਇਕੁ ਨਾਮੁ ਪਾਕੀ ਨਾਂਈ ਪਾਕਨਾਮਾ ਪੜੈ ॥ ਤਬ ਉਤ ਸਮੈ ਮੁਹ ਹਥ ਦੇ ਕਰਿ ਪੜੈ ॥ ਸਤਿ ਵਾਰੀ ਜਦਿ ਪੜੈ ਤਬ ਹੀ ਹਥਾਂ ਨਾਲਿ ਦੇਹਿ ਸਾਰੀ ਸਿਰ ਪੈਰਾਂ ਤੇ ਲੈਕੇ ਜਿਉ ਪਾਣੀ ਸਾਥਿ ਧੁਈਤਾ ਹੈ ॥ ਤਾਂ ਦੇਹੀ ਪਵਿਤ੍ਰ ਹੋਵੈ ॥ ਪਰੁ ਇਹ ਜੁਗਤਿ ਤਦਿ ਕਰੈ ਜੇ ਪਾਣੀ ਹਥਿ ਨਾ ਆਵੈ ॥ ਅਕੈ ਦੇਹ ਸਹਦੀ

੨੬



ਨਾਹੀ ॥ ਅੰਮ੍ਰਿਤ ਵੇਲੇ ਪਹਰੁ ਰਾਤਿ ਰਹਦੀ ਏਹਿ ਕਿਰਤਿ ਦੇਹੀ ਦੀ ਕਰੈ ॥  ਪੰਜ ਵੇਲੇ ਜਪੁ ਤੇ ਜਾਪੁ ਪੜੈ ॥ ਨਾਲੇ ਅਨੰਦ ਪੰਜ ਵੇਰੀ ਪੜੈ ॥ ਜੋ ਜਾਨੈ ਕਛੁ ਕੰਮ ਦੁਨੀਆਂ ਦਾ ਹੈ ਤਾਂ ਚਰਨ ਕਮਲ ਆਰਤੀ ਕਰਿਕੈ ਮਥਾ ਟੇਕੈ ॥ ਮਥਾ ਟੇਕ ਕੈ ਕੰਮੁ ਨੂੰ ਉਠੇ ॥ ਜੋ ਕੰਮੁ ਆਇ ਹਾਜਰ ਹੋਵੈ ਕਿਆ ਮੁਸਕਲ ਕਿਆ ਆਸਾਨੁ ਸਭ ਮਨੋਰਥ ਪੂਰੇ ਹੋਵਹਿ ॥ ਅਰੁ ਜੋ ਜਾਣੈ ਕਿਛੁ ਕੰਮੁ ਨਾਹੀ ਢਿਲਾ ਹੈ ਤਾਂ ਪੋਥੀ ਗਿਰੰਥ ਪਾਤਿਸਾਹੀ ਪਹਿਲੀ ਤੇ ਲੈਕੇ ਅਰੁ ਪਾਤਿਸਾਹੀ ਨਾਂਵੀ ਤੇ ਲੈਕੇ ਜੋ ਬਾਣੀ ਹੈ ਸੋ ਪੜੈ ॥ ਜੋ ਕਿਛੁ ਗੁਰੂ ਪੜਾਏ ॥ ਫੇਰਿ ਚਰਨ ਕਮਲ ਆਰਤੀ ਪੜਿ ਕੈ ਮਥਾ ਟੇਕੈ ॥ ਆਪਣੀ

੨੭



ਬੇਨਤੀ ਆਜਜੀ ਕਰੈ ਜੋ ਮੁਝ ਪਤਤਿ ਕਉ ਨਾਮੁ ਦਾਨੁ ਦੇਹਿ ਸੁਖਾਲੀ ਸਾਸੀਂ ਗੁਰੂ ਚਿਤਿ ਆਵੈ ॥ ਏਹਿ ਆਪਨੀ ਬੇਨਤੀ ਕਰਿਕੈ ਆਪਨੀ ਜਮਯਤਿ ਹੋਇ ਕਰਿ ਕਿਰਤਿ ਜੁਗਤਿ ਉਠਿ ਲਾਗੈ ॥ ਪਰੁ ਪਿਅਰ ਬਾਣੀ ਸਬਦਿ ਨਾਲਿ ਰਾਖੈ ॥ ਸਬਦ ਗੁਰੂ ਹੈ ਸੁਰਤਿ ਇਸ ਦੀ ਚੇਲਾ ਹੈ ਮਨ ਬਚ ਕਰਮ ਏਕੁ ਅੰਗੁ ਪੜੈ ॥੨॥ ਦੁਤੀਆ ਬਚਨੁ ਰਹਿਤ ਕਾ ਹੁਕਮੁ ਹੈ ॥ ਜਾਣੈ ਜੋ ਦੁਇ ਪਹਰ ਦਿਨ ਆਇਆ ਹੈ ਤਾਂ ਫੇਰ ਹਥ ਪੈਰ ਗੋਡਿਆਂ ਤਕਿ ਧੋਇ ਕਰਿ ਹਿਕ ਵੇਰੀ ਜਪੁ ਜਾਪੁ ਦੋਵੈ ਪੜੈ ॥ ਫੇਰਿ ਕਿਰਤਿ ਕਰੈ ॥ ਅਤੈ ਜੋ ਜਾਨੈ ਅਥਵਾ ਪੜਿਆਂ ਬਨਿ ਨਹੀ ਆਂਵਦਾ ਤਾਂ ਹਥ ਪੈਰ ਧੋਵਣੇ ॥ ਧੋਇ

੨੮



ਕੈ ਇਹ ਜੁਗਤਿ ਕਰੈ ਪਹਿਲਾਂ ਤਾਂ ਇਕੁ ਧਿਆਨੁ ਸ੍ਰੀ ਅਕਾਲ ਪੁਰਖ ਜੀ ਕਾ ਕਰੈ ॥ ਅਰੁ ਪਾਕੀ ਨਾਂਈ ਪਾਕਨਾਮੁ ਪੜੈ ਜੋ ਦੇਹ ਪਵਿਤ੍ਰ ਹੋਇ ॥ ਫਿਰਿ ਏਹਿ ਜਾਨ ਕਰਿ ਪੜੈ ਮਨ ਬਿਖੈ ਸਤਿਵਾਰੀ ॥ ਸ੍ਰੀ ਵਾਹਗੁਰੂ ਅਕਾਲ ਪੁਰਖ ਜੀ ਤੇਰੀ ਸਰਨਿ ਹਾਂ ॥ ਸਤਿ ਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ ॥੧॥ ਚਕ੍ਰ ਚਿਹਨ ਅਰੁ ਬਰਨ ਜਾਤ ਅਰੁ ਪਾਤਿ ਨਹਿਨ ਜਿਹ ॥ ਰੂਪ ਰੰਗ ਅਰੁ ਰੇਖ ਭੇਖ ਕੋਊ ਕਹਿ ਨ ਸਕਤ ਕਿਹ ॥ ਅਚਲ ਮੂਰਤਿ ਅਨਭਉ ਪ੍ਰਕਾਸ ਅਮਿਤੋਜਿ ਕਹਿਜੈ ॥ ਕੋਟਿ ਇੰਦ੍ਰ ਇੰਦਾਇਣ ਸਾਹੁ ਸਾਹਾਣ ਗਣਿਜੈ

੨੯



ਤ੍ਰਿਭਵਣਿ ਮਹੀਪ ਸੁਰ ਨਰ ਅਸੁਰ ਨੇਤ ਨੇਤ ਬਨ ਤਿਨ ਕਹਤ ॥ ਤਵ ਸਰਬ ਨਾਮ ਕਥੈ ਕਉਨ ਕਰਮ ਨਾਮ ਬਰਨਤ ਸੁਮਤਿ ॥੨॥ ਏਹੁ ਪੜੈ ਸਾਰੇ ਜਪੁ ਜਾਪੁ ਪੜੇ ਦਾ ਫਲੁ ਹੈ ॥ ਅਤੇ ਹੋਰੁ ਕੋਈ ਜਰੂਰ ਕਿਤੇ ਜਾਣੈ ਦਾ ਕੰਮੁ ਹੋਵੈ ਅਤੇ ਹੁੋਰ ਕਿਛੁ ਪੜਿ ਨ ਸਕੈ ॥ ਤਾਂ ਇਤਨਾ ਹੀ ਪੜੈ ॥ ਪਰੁ ਇਸ ਨੋ ਇਹੁ ਚਾਹੀਐ ਜੋ ਹਜਾਰੁ ਕੰਮੁ ਛਡਿ ਕੇ ਜਰੂਰਿ ਜੁਗਤਿ ਨਾਲਿ ਪੜੈ ॥ ਤ੍ਰਿਤੀਆ ਬਚਨੁ ਰਹਤ ਕਾ ॥ ਜਬ ਜਾਣੈ ਦੁਇ ਘੜੀਆਂ ਦਿਨੁ ਰਹਿਆ ਹੈ ਤਾਂ ਸੋਦਰੁ ਰਹੁਰਾਸਿ ਨਾਲਿ ਪੜੈ ॥ ਜਾ ਭੋਗ ਪਵੈ ਤਾਂ ਦੋਵੈ ਜਪੁ ਤੇ ਜਾਪੁ ਪੜਿ ਕੈ ਮਥਾ ਟੇਕੈ ॥ ਆਪਣੀ ਬੇਨਤੀ ਕਰੈ ਆਖੈ ਜੇ

੩੦



ਹਉ ਅਪਰਾਧੀ ਹਾਂ ਤੇਰਾ ਬਿਰਦੁ ਹੈ ਜਿਉ ਭਾਵੈ ਤਿਉ ਰਖਿ ਲੇਹੁ ॥ ਤੇਰਾ ਭਾਣਾ ਮਿਠਾ ਲਗੈ ਨਾਮੁ ਚਿਤਿ ਆਵੈ ਜੀ ਤੇਰੀ ਸਰਨਿ ਹਾਂ ॥੪॥ ਚਉਥਾ ਬਚਨੁ ਰਹਿਤ ਦਾ ਇਹੁ ਹੈ ॥ ਜਬ ਜਾਨੈ ਰਾਤਿ ਹੋਈ ਹੈ ਸਭਨਾਂ ਕੰਮਾਂ ਦੁਨੀਆਂ ਦਿਆਂ ਸਿਉ ਫਾਰਕ ਹੋਇ ਰਹਿਆਂ ਹਾਂ ॥ ਤਾਂ ਬਾਣੀ ਪਾਤਿਸਾਹੀ ਪਹਿਲੀ ਤੇ ਲੇਕਰਿ ਦਸਵੀ ਦੀ ਬਚਿਤ੍ਰ ਨਾਟਕ ਹੋਰੁ ਬਾਣੀ ਗਿਰੰਥੀ ਹੋਰਨਾਂ ਪਾਤਿਸਾਹੀਆਂ ਦੀ ਹੋਵੈ ਸੋ ਪੜੈ ॥ ਕੀਤਨੁ ਕਰੈ ॥ ਜੋ ਜਾਣੈ ਨਿੰਦ੍ਰਾ ਬਹੁਤ ਆਈ ਹੈ ਤਾਂ ਕੀਰਤਿ ਸੋਹਿਲਾ ਪੜਿ ਕੈ ਸੋਇ ਰਹੈ ॥ ਮਨੁ ਆਪਣਾ ਓਤ ਵੇਲੇ ਵਾਹਗੁਰੂ ਜੀ ਕੇ ਚਰਨਾ ਬਿਖੈ ਰਖੈ ॥ ਉਪਰਿ ਸਾਸੁ ਨਾਕੁ ਤੇ

੩੧



ਵਾਹ ਸੋਂ ਲੇਵੈ ॥ ਅਰੁ ਤਲੇ ਕਾ ਸਾਸੁ ਗੁਰੂ ਸੌ ਛੋਡੈ ॥ ਵਾਹਗੁਰੂ ਕਾ ਜਾਪੁ ਕਰੈ ॥ ਸੁਰਤਿ ਜਾਗਤੀ ਰਹੈ ॥ ਅਰੁ ਕਰਮ ਕਉ ਲੇ ਕਰਿ ਸੰਗਿ ਸੋਵੈ ॥ ਆਪਣਾ ਮਨ ਹੋਰਤ ਠਉਰ ਬਿਖੈ ਜਾਵਣ ਨ ਦੇਇ ॥ ਜੋ ਕੋਈ ਪ੍ਰਾਨੀ ਏਹੁ ਰਹਿਤ ਕਮਾਵੈ ਅਥਵਾ ਮਰਦੁ ਅਥਵਾ ਇਸਤ੍ਰੀ ਸੋ ਪਾਰਗਿਰਾਮੀ ਹੋਇਗਾ ॥ ਸ੍ਰੀ ਗੁਰੂ ਅਕਾਲ ਪੁਰਖੁ ਜੀ ਕੇ ਪੰਥ ਕਾ ਸੁਖੁ ਦੇਖੈਗਾ ॥ ਅਰੁ ਸਭ ਤੇ ਵਡੀ ਰਹਿਤ ਏਹੁ ਹੈ ਜੋ ਮਿਥਿਆ ਨ ਬੋਲੈ ਮਰਦੁ ਹੋਇ ਕੈ ਪਰੁ ਨਾਰੀ ਕਾ ਸੰਗੁ ਨ ਕਰੈ ॥ ਇਸਤ੍ਰੀ ਹੋਇ ਕੈ ਪਰਾਏ ਮਰਦੁ ਨੋ ਨ ਦੇਖੈ ॥ ਲੋਭ ਨ ਕਰੈ ਕ੍ਰੋਧ ਨ ਕਰੈ ਅਹੰਕਾਰ ਨ ਕਰੈ ਬਹੁਤੁ ਮੋਹੁ ਨ ਕਰੈ ॥ ਨਿੰਦਿਆ

੩੨



ਨ ਕਰੈ ॥ ਅਰੁ ਅਸਤੁ ਭੀ ਨ ਬੋਲੈ ॥ ਅਰੁ ਐਸਾ ਸਤਿ ਭੀ ਨ ਬੋਲੈ ਜੋ ਕਿਸੈ ਦਾ ਬੁਰਾ ਹੋਦਾ ਹੋਵੈ ਅਰੁ ਕਿਛੁ ਕਰੈ ਸੋ ਮਤਿ ਹੀ ਕਰੈ ॥ ਜੋ ਕਿਛੁ ਕਰੈ ਸੋ ਸਮਝ ਕੈ ਕਰੈ ॥ ਅਰੁ ਅੰਤ ਕਾਲ ਨਦਰਿ ਕਰਿ ਦੇਖੈ ॥ ਅਰੁ ਅਪਣਾ ਚਲਣਾ ਇਸ ਮ੍ਰਿਤ ਮੰਡਲ ਤੇ ਸਾਸਿ ਸਾਸਿ ਚਿਤਾਰੈ ਭੁਲੈ ਨਾਹੀ ॥ ਭਉ ਕਰੈ ਜੋ ਇਨਾਂ ਸਾਸਾਂ ਹੀ ਤੇ ਕਿਤੈ ਸਾਸਿ ਚਲਨਾ ਹੈ ॥ ਕੋਈ ਸਾਸਿ ਬਿਰਥਾ ਚਲਣੇ ਦੇਵੈ ਨਾਹੀ ॥ ਦੁਖਾਵੈ ਕਿਸੈ ਕਉ ਨਾਂਹੀ ॥ ਮੁਖ ਤੇ ਮਿਠਾ ਬੋਲੈ ॥ ਜੇ ਕੋਈ ਬੁਰਾ ਭਲਾ ਕਹੈ ਮਨ ਬਿਖੈ ਲਿਆਵੈ ਨਾਂਹੀ ॥ ਭਾਵੈ ਕੋਈ ਆਦਰੁ ਕਰੈ ਭਾਵੈ ਕੋਈ ਅਨਾਦਰੁ ਕਰੈ ਹਰਖ ਸੋਗ

੩੩



ਕਿਸੀ ਬਾਤ ਨਾ ਕਰੈ ॥ ਪਰਾਏ ਦਰਬ ਕਉ
ਅੰਗੀਕਾਰ ਨ ਕਰੈ ॥ ਧਰਮ ਕੀ ਕਿਰਤਿ ਕਰਿ
ਖਾਏ ਦਾਤਾ ਗੁਰੂ ਬਾਬਾ ਅਕਾਲ ਪੁਰਖੁ ਹੈ ॥
ਹੋਰਤ ਕਿਤੈ ਵਲ ਦੇਖੈ ਨਾਹੀ ॥ ਮਟ ਮੜੀ ਦੇਵੀ
ਦੇਵਤਾ ਬੁਤ ਤੀਰਥ ਬਰਤ ਪੂਜਾ ਅਰਚਾ ਮੰਤ੍ਰ ਜੰਤ੍ਰ
ਪੀਰ ਪੁਰਖ ਬ੍ਰਹਮਣੁ ਪੁਛਿ ਨ ਲੇਵੈ ॥ ਤਰਪਣੁ
ਗਾਇਤ੍ਰੀ ਸੰਧਿਆ ਹੋਰਤ ਕਿਤੈ ਵਲਿ ਦੇਖੈ ਨਾਹੀ
॥ ਮਨੁ ਆਪਣਾ ਸ੍ਰੀ ਅਕਾਲ ਪੁਰਖੁ ਜੀ ਕੇ
ਚਰਨਾਰਬਿੰਦ ਬਿਖੈ ਰਖੈ ਅਰੁ ਸੰਤ ਖਾਲਸਾ ਜੋ
ਇਸ ਦਾ ਸੰਗੀ ਹੈ ਸੋ ਤਿਨਾ ਨਾਲਿ ਪਿਆਰ ਰਖੈ
॥ ਅਰੁ ਸੁਪਾਰਸ ਸਭ ਖਾਲਸੇ ਕਾ ਹੈ ॥ ਸੋ ਕਉਨ
ਖਾਲਸਾ ਹੈਨਿ ॥ ਜਿਨੀ ਕਿਨੀ ਆਪਨਾ ਤਨੁ ਮਨੁ
ਧਨੁ ਗੁਰੂ ਸ੍ਰੀ

੩੪



ਅਕਾਲ ਪੁਰਖ ਜੀ ਕਉ ਸਉਪਿਆ ਹੈ ॥ ਕਿਸੀ
ਬਾਤ ਕਾ ਉਨ ਕਉ ਹਰਖੁ ਸੋਗੁ ਨਾਹੀ ॥ ਅਰੁ
ਕਿਸੀ ਕੀ ਆਸਾ ਨਾਹੀ ਕਰਤੇ ॥ ਅਰੁ ਇੰਦ੍ਰੀਆਂ
ਆਪਨੀਆਂ ਕਉ ਜੀਤ ਬੈਠੇ ਹੈਨਿ ॥ ਅਰੁ ਚਿਤਵਨੀ
ਆਪਨੀ ਕਉ ਸ੍ਰੀ ਅਕਾਲ ਪੁਰਖ ਜੀ ਕੇ ਚਰਨਾਰ
ਬਿੰਦ ਬਿਖੈ ਰਾਖਿਆ ਹੈ ॥ ਅਰੁ ਜਬ ਜਾਨੇ ਜੋ ਏਹੁ
ਜੀਉ ਸੰਸਾਰ ਦੇ ਕੰਮ ਤੇ ਨਿਹਚਿੰਤ ਹੋਇਆ ਹੈ ॥
ਅਤੇ ਅਬ ਸਾਸ ਬਿਰਥੇ ਜਾਤੇ ਹੈਨਿ ॥ ਤਬ ਅਪਨਾ
ਮਨੁ ਪਰਮ ਪੁਰਖੁ ਗੁਰੂ ਬਿਖੈ ਰਖੈ ॥ ਇਸ ਕਉ
ਸਾਸਿ ਗਿਰਾਸਿ ਇਉ ਚਹੀਤਾ ਹੈ ਜੋ ਭਾਵੈ ਕੈਸਾ
ਕੰਮ ਖਰਾ ਜਰੂਰ ਕਾ ਹੋਵੈ ਦੁਨੀਆ ਕਾ ਪਰੁ ਸੁਰਤਿ
ਆਪਣੀ ਗੁਰੂ ਬਿਖੈ ਰਖੈ ॥

ੳ੫



ਅਰੁ ਆਪਨੀ ਕਰਨੀ ਸਿਮਰਨਿ ਜੁਗਤਿ ਜਪ ਤਪ ਜੋ ਕਿਛੁ ਗੁਰੂ ਕਰਾਏ ਸੋ ਕਿਸੀ ਕਉ ਜਣਾਏ ਨਹੀ ॥ ਜਿਤਨਾ ਪੜਦੇ ਬਿਖੈ ਅਰਾਧੇਗਾ ਤਿਤਨਾ ਹੀ ਫਲੁ ਹੋਇਗਾ ॥ ਅਰੁ ਦਰਸਨੁ ਪ੍ਰਾਪਤਿ ਹੋਇਗਾ ॥ ਸਦਾ ਇਸ ਕੀ ਪ੍ਰੀਤ ਚਰਨ ਕਵਲਾਂ ਨਾਲਿ ਜੁਗੋ ਜੁਗ ਲਗੀ ਰਹੈਗੀ ॥ ਪਰੁ ਆਪਨਾ ਭੇਦੁ ਜੁਗਤਿ ਸਿਮਰਨੁ ਰਹਿਤ ਕਾ ਜਾਹਿਰ ਕਰਨਾਂ ਡਿੰਫੁ ਹੈ ॥ ਇਨੀ ਕੰਮੀ ਪਾਰਬ੍ਰਹਮ ਪਰਮੇਸਰ ਜੋ ਹੈ ਅਕਾਲ ਪੁਰਖੁ ਸੋ ਭਿਜਤਾ ਨਾਹੀ ਅਰੁ ਰੀਝਤਾ ਭੀ ਨਹੀ ॥ ਰੀਝਤਾ ਭੀਜਤਾ ਕਿਸ ਬਾਤਿ ਮੈਂ ਹੈ ॥ ਇਸ ਬਾਤਿ ਮੈਂ ਰੀਝਤਾ ਭਿਜਤਾ ਹੈ ॥ ਸੋ ਪਹਿਲਾਂ ਤਾਂ ਆਪਨਾ ਚਲਾਨਾਂ ਇਸ ਮ੍ਰਿਤ ਮੰਡਲ

ੳ੬



ਤੇ ਜਾਨੈ ॥ ਜੋ ਸਾਸ ਆਵਤਾ ਹੈ ਅੰਦਰਿ ਤੇ ਬਾਹਰਿ ਆਵੈ ਕੇ ਫੇਰਿ ਨ ਆਵੈ ॥ ਏਹ ਜਾਨ ਕਰਿ ਆਪਨੀ ਦੇਹ ਤੇ ਬਿਰਕਤੁ ਰਹੈ ॥ ਜਬ ਜਾਨੈ ਏਹਿ ਪ੍ਰਾਨੀ ਜੋ ਮਨ ਬਚ ਕ੍ਰਮ ਦੇਹ ਤੇ ਬਿਰਕਤ ਹੂਆ ਹੌ ॥ ਤਬ ਸ੍ਰੀ ਅਕਾਲ ਪੁਰਖ ਕਉ ਹਿਰਦੇ ਮੈ ਅਪਨੇ ਊਪਰਿ ਹਰਿ ਦਮ ਹਾਜਰੁ ਹੀ ਜਾਨੈ ॥ ਤਬ ਇਸ ਕਉ ਕੋਈ ਇੰਦ੍ਰੀ ਨ ਸੰਤਾਵੈ ॥ ਆਪ ਹੀ ਸੈਂ ਬਿਨਾਸੁ ਉਪਜਤਾ ਹੈ ॥ ਅਰੁ ਸਭਨਾਂ ਸੁਖਾਂ ਕਉ ਪ੍ਰਾਪਤਿ ਹੋਇ ॥ ਅਰੁ ਗਿਆਨ ਕੌ ਰਮੈ ॥ ਅਰੁ ਜੋ ਕਛੁ ਸਚ ਸਬਦ ਬਾਨੀ ਬਿਖੈ ਬੋਲਣਾ ਹੈ ਸੋ ਭੀ ਪ੍ਰਾਪਤਿ ਹੋਇ ॥ ਅਰੁ ਅੰਮ੍ਰਿਤ ਸਬਦ ਕੌ ਰਮੈ ॥ ਅਰੁ ਜੋ ਕੋਈ ਭੁਖਾ ਨੰਗਾ ਅਰਥੀ ਹੋਇ ਤਾਂ



ਉਸ ਨਾਲਿ ਆਪਣੀ ਵੰਡਿ ਵਿਚੋ ਜੋ ਕਿਛੁ ਸਾਹਿਬ ਦਿਤਾ ਹੋਇ ਸੋ ਵੰਡਿ ਖਾਇ ਵੰਡ ਪਹਰੈ ॥ ਅਰੁ ਕੰਮੁ ਕਿਸੇ ਕਾ ਜਾਨੈ ਜੋ ਮੁਝ ਤੇ ਹੋਤਾ ਹੈ ਤਾਂ ਜਾਣੈ ਜੋ ਗੁਰੂ ਕ੍ਰਿਪਾਲ ਹੋਇਆ ਹੈ ਤਾਂ ਢਿਲ ਨ ਕਰੈ ॥ ਆਪਨਾ ਕੰਮੁ ਛੋਡਿ ਕਰਿ ਉਸ ਪ੍ਰਾਨੀ ਕੇ ਕੰਮ ਕਉ ਉਠਿ ਖੜਾ ਹੋਇ ਜਾਣਿ ਨ ਦੇਇ ॥ ਗੁਰੂ ਕਾ ਰੀਝਾਵਣਾ ਇਸ ਬਾਤਿ ਮੋ ਹੈ । ਜਿਉ ਕੋਈ ਜੀਉ ਰਾਜੀ ਹੋਇ ਤਿਉ ਰਾਜੀ ਕਰੀਐ ਦੁਖਾਵੈ ਕਿਸੈ ਨੋ ਨਾਹੀ ॥ ਕੋਈ ਬੁਰਾ ਭਲਾ ਕਹੈ ਮਨ ਬਿਖੈ ਲਿਆਵੈ ਨਾਹੀ ॥ ਅਰੁ ਕਿਸੀ ਕਉ ਅਪਨਾ ਮਿਤ੍ਰ ਸਤ੍ਰ ਨ ਕਰਿ ਜਾਣੈ ॥ ਜਹਾਂ ਦੇਖੈ ਤਹਾਂ ਅਬਿਨਾਸੀ ਪੁਰਖੁ ਬਿਆਪਿਆ ਹੂਆ ਹੀ ਦੇਖੈ ॥ ਅਰੁ ਮੁਖ ਤੇ ਜੋ ਬੋਲੈ





ਸੋ ਅੰਮ੍ਰਿਤ ਹੀ ਬੋਲੇ ॥ ਬਹੁਤ ਗਲਾਂ ਨ ਕਰੈ ॥ ਅਕੈ ਸਬਦ ਅਕੈ ਬਾਣੀ ਅਕੈ ਬਬੇਕ ਕੀ ਸੰਗਤਿ ਪਾਇ ਗੁਰੂ ਬਾਬੇ ਕੀਆਂ ਸਾਖੀਆਂ ਕਰੈ ॥ ਅਕੈ ਚੁਪ ਕਰਿ ਰਹੈ ਚੁਪ ਸਭ ਤੇ ਉਤਮ ਹੈ ॥ ਅੰਨੁ ਬਹੁਤ ਭੁਖ ਲਗੈ ਤਾਂ ਖਾਏ ਭਰੇ ਉਪਰਿ ਨ ਭਰੇ ॥ ਅਤੇ ਨਿੰਦ੍ਰਾ ਦੀ ਮਿਰਜਾਦਾ ਕਰਿ ਛੋਡੇ ਸਿਵਾਇ ਮਿਰਜਾਦਾ ਸੋਇ ਜਾਵੈ ਨਾਹੀ ॥ ਅਤੇ ਅਪਨਾ ਸਰਵੰਸੁ ਕਿਆ ਪੁਤ੍ਰ ਕਿਆ ਇਸਤ੍ਰੀ ਕਿਆ ਹੋਰ ਲੋਕੁ ਕੁਟੰਬ ਕਿਆ ਧਨੁ ਸਭ ਕੋ ਅਪਨਾ ਕਰਿ ਜਾਨੈ ਨਾਹੀ ॥ ਇਉ ਹੀ ਕਰਿ ਜਾਨੈ ਮੈ ਹੁਕਮੁ ਸੋਂ ਆਇਆ ਹਾਂ ਮੁਸਾਫਰੁ ਹਾਂ ਇਨ ਮੋ ਆਇ ਬੈਠਾ ਹਾਂ ॥ ਜਿਉ ਸਰਾਂਇ ਮੋ ਮੁਸਾਫਰੁ ਵਸੇਰਾ ਲੇਤਾ ਹੈ ਤਿਉ ਇਨ ਮੋ

੩੯



ਮੇਰਾ ਵਸੇਰਾ ਹੈ ॥ ਅਰੁ ਮਿਤਿ ਅਪਨੀ ਕਉ ਸੁਪਨੰਤਰਿ ਕਰਿ ਜਾਣੈ । ਜੋ ਮੈ ਉਹੀ ਮੁਸਾਫਰੁ ਹਾਂ ॥ ਇਹੀ ਸਤਿ ਕਰਿ ਜਾਣੈ ਜੋ ਕੋਈ ਕਿਸੀ ਕਾ ਨਾਹੀ ॥ ਰਾਤਿ ਕਾਰਣਿ ਆਇ ਇਕਠੇ ਹੋਏ ਹਾਂ । ਜਿਥੇ ਦਿਨੁ ਹੋਇਆ ਤਿਥੈ ਆਪੋ ਆਪਨੀ ਰਾਹੀ ਉਠਿ ਜਾਨਿਗੇ ॥ ਇਸੁ ਕਰਿਕੈ ਮੋਹੁ ਲਗਾਵੈ ਨਾਹੀ ॥ ਉਦਾਸੁ ਹੀ ਰਹੈ ॥ ਕਰਤੇ ਪੁਰਖ ਕੀ ਲੀਲਾ ਵਰਤਾਰਾ ਦੇਖ ਕੈ ਉਦਾਸੁ ਹੀ ਰਹੈ ॥ ਅਰੁ ਮਨੁ ਆਪਨਾ ਕਰਤੇ ਪੁਰਖੁ ਬਿਖੈ ਰਖੈ ॥ ਪਰੁ ਸਾਰੀ ਰਹਿਤ ਏਹੀ ਹੈ ਜੋ ਕਿਸੀ ਕਉ ਕਲਪਾਵੈ ਨਾਹੀ ॥ ਅਰੁ ਅੰਦਰੁ ਆਪਣਾ ਕਿਸੀ ਕਉ ਦੇਵੈ ਨਾਹੀ ॥ ਪਰੁ ਕਿਰਤਿ ਰੁਜਗਾਰੁ ਕਰਤਾ ਰਹੈ ॥ ਅਰੁ ਜੋ

੪੦



ਕੁਛ ਰੁਜਗਾਰ ਤੇ ਗੁਰੂ ਦੇਵੈ ਸੋ ਉਸ ਸਿਉ ਦਸਵਾ ਹਿਸਾ ਸ੍ਰੀ ਅਕਾਲ ਪੁਰਖੁ ਜੀ ਦਾ ਜੁਦਾ ਕਰਿ ਰਖੈ ॥ ਅਰੁ ਜੋ ਕਛੁ ਮੰਨਤਿ ਹੋਵੈ ਅਰਦਾਸਿ ਹੋਵੈ ਸੋ ਭੀ ਜੁਦਾ ਕਰਿ ਰਖੈ ॥ ਅਰੁ ਅਪਨੇ ਗ੍ਰਿਹ ਬਿਖੈ ਗੁਰੂ ਸ੍ਰੀ ਅਕਾਲ ਪੁਰਖੁ ਜੀ ਕਾ ਕੋਠਾ ਕਰਿ ਰਖੈ ॥ ਜੇ ਜਾਣੈ ਕੋਈ ਸਿਖ ਸਾਧੁ ਅਰਥੀ ਗਰੀਬੁ ਹੋਇ ॥ ਤਿਸ ਕਉ ਕੋਠੇ ਸਿਉ ਦੇਵੈ ॥ ਕਿਉ ਜੋ ਏਹੁ ਖਜਾਨਾ ਗੁਰੂ ਬਾਬੇ ਕਾ ਹੈ ॥ ਜੋ ਇਸ ਗੁਰੁ ਕੇ ਖਜਾਨੇ ਵਿਚਹੁ ਸ੍ਰੀ ਅਕਾਲ ਪੁਰਖ ਜੀ ਕੇ ਸੰਤਾਂ ਸਿਖਾਂ ਕੇ ਮੁਹ ਪਾਵੈਗਾ ਕਪੜੇ ਪਹਿਰਾਵੈਗਾ ਤਿਸ ਕਾ ਸਚੇ ਖੰਡ ਜੰਮੈਗਾ ॥ ਅਰੁ ਕਿਸੀ ਅਉਰ ਅਰਥੀਏ ਕਉ ਚਾਹੀਐ ਤਉ ਭੀ ਦੇਵੈ ਅਰੁ ਉਸ ਪ੍ਰਾਨੀ

੪੧



ਕਉ ਕਹਿ ਦੇਵੈ ॥ ਜੋ ਹੇ ਭਾਈ ਜਬ ਗੁਰੂ ਬਾਬਾ ਤੇਰੀ ਜਮਈਅਤਿ ਕਰੈਗਾ ਕੁਸਾਇਕ ਕਰੈਗਾ ਤਬ ਏਹੁ ਪੈਸਾ ਪਹੁਚਾਇ ਦੇਵਣਾ ॥ ਅਕੈ ਆਪਣੈ ਪਾਸਿ ਜਹਾਂ ਗੁਰੂ ਸ੍ਰੀ ਅਕਾਲ ਪੁਰਖੁ ਜੀ ਕਾ ਖਜਾਨਾ ਹੈ ਤਹਾਂ ਇਸ ਗੁਰੂ ਕੀ ਕਉਡੀ ਕਉ ਰਾਖਣਾ ॥ ਪਰੁ ਇਸ ਖਾਲਸੇ ਕਉ ਚਾਹੀਐ ਜੋ ਇਸ ਖਜਾਨੇ ਸਿਉ ਪੂੰਜੀ ਲੇਵੈ ॥ ਅਰੁ ਧਰਮ ਦੀ ਕਿਰਤਿ ਕਰਿ ਖਾਏ ॥ ਜਦਿ ਗੁਰੂ ਬਾਬਾ ਕਿਛੁ ਨਫਾ ਦੇਇ ਤਦਿ ਪੈਸੇ ਪਹੁਚਾਇ ਦੇਇ ॥ ਅਕੈ ਆਪਣੈ ਪਾਸਿ ਰਖੇ ॥ ਅਕੈ ਜਹਾਂ ਸ੍ਰੀ ਅਕਾਲ ਪੁਰਖੁ ਜੀ ਕਾ ਖਜਾਨਾ ਹੋਇ ਤਹਾਂ ਰਖਣੇ ॥ ਇਉ ਹੀ ਗੁਰੂ ਕੀ ਕਉਡੀ ਕਾ ਬਿਉਹਾਰ ਕਰਤਾਰ ਹੈ ॥ ਤਬ ਉਸ ਖਾਲਸਾ

੪੨



ਸਿਰ ਕੇਸ ਰਖੈ ਦੂਰਿ ਨ ਕਰੈ ॥ ਭਦ੍ਰੋ ਨ ਕਰੈ ॥ ਇਹ ਰਹਿਤਾਂ ਇਸ ਗਿਰੰਥ ਬਿਖੈ ਹੁਕਮ ਹੋਆ ਹੈ । ਸੋ ਜਿਸ ਪ੍ਰਾਨੀ ਕਉ ਪ੍ਰਾਪਤ ਹੋਨਿ ਸੋ ਉਸ ਮੋ ਬਾਸੁ ਗੁਰੂ ਬਾਬੇ ਕਾ ਹੋਇਗਾ ॥ ਗੁਰੂ ਉਸ ਕਾ ਓਹ ਗੁਰੂ ਕਾ ॥ ਅਰੁ ਉਸਕੇ ਬਚਨਾਂ ਸਿਉ ਅਉਰ ਕਾ ਭਲਾ ਹੋਵੈਗਾ ॥ ਅਰੁ ਜੋ ਕੋਈ ਸੁੰਨਿ ਕੈ ਮਨ ਬਿਖੈ ਕਹੈ ਜੋ ਗੁਰੂ ਇਨਾਂ ਦੀ ਰਹਿਤ ਕਰਾਏ ਤਾਂ ਮੁਝ ਪਾਪੀ ਦਾ ਭੀ ਉਧਾਰ ਹੋਇ ॥ ਤਾਂ ਉਸ ਨੂੰ ਭੀ ਅੰਤ ਕਾਲੁ ਗੁਰੂ ਸਹਾਈ ਹੋਵੈਗਾ ॥ ਅਰੁ ਜੋ ਇਹ ਰਹਤਾਂ ਨ ਕਮਾਵੈਗਾ ਤਾਂ ਉਸ ਨੂੰ ਗੁਰੂ ਸ੍ਰੀ ਅਕਾਲ ਪੁਰਖੁ ਕਿਆ ਸਿਖਾਂ ਨਾਲਿ ਕਿਛੁ ਸਾਂਝ ਰਹੈਗੀ ਨਾਹੀ ॥ ਪਰੁ ਗੁਰੂ ਸ੍ਰੀ ਅਕਾਲ ਪੁਰਖੁ

੪੩



ਸਭ ਕਾ ਉਧਾਰੁ ਕਰੈਗਾ ॥ ਅਰੁ ਇਕ ਜੋ ਬੇਮੁਖ ਹੋਵਨਿ ਗੇ ॥ ਸੋ ਗੁਰੂ ਜਾਮਾਂ ਬਦਲਨੇ ਕੇ ਸਮੇ ਜੋ ਬਚਨੁ ਹੋਇ ਹੈਨਿ ਸੋ ਮੰਨਹਿਗੇ ਨਾਹੀ ॥ ਅਖਿਨਿਗੇ ਜੋ ਗੁਰੂ ਅਬ ਪੂਰਬ ਤੇ ਪੈਦਾ ਇਤਨਿਆਂ ਦਿਨਾ ਨੋ ਹੋਇਗਾ ॥ ਅਰੁ ਮਨੁਖਾ ਨੋ ਗੁਰੂ ਕਰਿ ਬੈਠਾਇਨਿਗੇ ॥ ਸ੍ਰੀ ਅਕਾਲ ਪੁਰਖ ਨੂ ਮੰਨਨਿਗੇ ਨਾਹੀ ॥ ਆਖਨਿਗੇ ਜੋ ਕਹਾਂ ਹੈ ਕਿਛੁ ਨਦਰਿ ਆਵਦਾ ਹੈ ॥ ਅਰੁ ਆਖਨਿਗੇ ਜੋ ਅਸੀ ਪਰਤਖ ਗੁਰੂ ਕਾ ਦਰਸਨੁ ਕਰਨੇ ਹਾਂ ॥ ਅਰੁ ਜੋ ਕੋਈ ਹੁਕਮੁ ਮੰਨਿ ਕੈ ਸ੍ਰੀ ਅਕਾਲ ਪੁਰਖੁ ਗੁਰੂ ਨੂੰ ਅਪਣਾ ਕਰਿ ਜਾਣੇਗਾ ਉਸ ਕੇ ਜੀਅ ਕੇ ਲਾਗੂ ਹੋਵਨਿਗੇ ॥ ਸੋ ਅੰਤ ਕਾਲ ਨੋ ਬਖਸੀਅਹਿਗੇ

੪੪



ਨਾਹੀ ॥ ਭਾਰੀ ਸਜਾਇ ਪਾਵਹਿਗੇ ॥ ਅਰੁ ਇਨ ਤੇ ਸਿਵਾਇ ਜੋ ਕੋਈ ਹੋਵੈਗਾ ਸੋ ਸਭ ਬਖਸੀਐਗਾ ਮਿਲਾਈਏਗਾ ॥ ਸੋ ਕਿਸ ਵਾਸਤੇ ਜੋ ਗੁਰੂ ਬਾਬੇ ਸਾਂਗ ਬਖਸਿਆ ਹੈ ॥ ਇਹ ਜੋ ਅਸਲ ਜਾਮਾ ਹੈ ਸੋ ਅਕਾਲ ਪੁਰਖੁ ਕਾ ਹੈ ਸਭਸ ਕਾ ਉਧਾਰ ਕਰੈਗਾ ॥ ਅਰੁ ਸਾਸਾਂ ਕਾ ਜਾਪੁ ਜਪੈ ॥ ਸਾਸਿ ਸਾਸਿ ਜੇ ਕੋਈ ਪ੍ਰੀਤਿ ਲਗਾਵੈਗਾ ਉਸ ਨੋ ਸਹਾਈ ਹੋਇਗਾ ॥ ਇਸ ਜਾਮੇ ਕਾ ਦਰਸਨੁ ਗੁਰਮੁਖਾਂ ਨੋ ਅਠੇ ਪਹਰ ਹੋਇਗਾ ਇਹ ਜਾਮਾ ਜੋਤਿ ਦਾ ਹੈ ॥ ਜਬ ਦਰਸਨੁ ਹੋਇਗਾ ਤਬ ਸਭ ਸਮੋਂ ਜਨਾਈਏਗਾ ਜੋ ਇਹ ਕਰਤਾ ਪੁਰਖ ਹੈ ॥ ਅਰੁ ਦੀਵਾਨੁ ਲਗੇਗਾ ਸੋ ਇਸੀ

੪੫



ਜਾਮੇ ਜੋਤਿ ਦਾ ਲਗੇਗਾ ॥ ਅਚਰਜ ਰੂਪੁ ਹੋਇ ਕੈ ਉਧਾਰੁ ਕਰੈਗਾ ॥ ਕਈ ਜੀਆਂ ਕਾ ਭਗਤਾਂ ਕਾ ਅਪਰਾਧੀਆਂ ਕਉ ਨਿਸਤਾਰੈਗਾ ॥ ਅਰੁ ਆਖਨਿਗੇ ਜੋ ਇਸ ਨੋ ਨਾਰਾਇਣ ਕਰਿ ਜਾਣੈਗਾ ਸੋਈ ਉਧਰੈਗਾ । ਅਰੁ ਓਤ ਸਮੇ ਖਾਲਸੇ ਕੀ ਉਸਤਤਿ ਸੰਸਾਰ ਮੈ ਬਹੁਤ ਹੋਇਗੀ ॥ ਫਿਰਿ ਓਹ ਜੋਤਿ ਦਾ ਜਾਮਾ ਉਧਾਰੁ ਕਰਿਕੈ ਅਲਿਪਤੁ ਹੋਇ ਜਾਵੈਗਾ ॥ ਜਾਮਾ ਛਡੇਗਾ ਨਾਹੀ ॥ ਕਿਸ ਵਾਸਤੇ ਜੋ ਜੋਤਿ ਦਾ ਹੋਵੈਗਾ ॥ ਕਲਿਜੁਗ ਕੇ ਸਮੈ ਜੋ ਸਤਿਜੁਗ ਵਰਤੈਗਾ ਸੋ ਤਿਸ ਸਮੈ ਜੋਤਿ ਜੁਗਤਿ ਕਾ ਇਸੀ ਜਾਮੇ ਜੋਤਿ ਦਾ ਪ੍ਰਗਾਸ ਹੋਵੈਗਾ ॥ ਜੋ ਕਿਛੁ ਕਾਰਨ ਕਰਨਾ ਹੋਵੇਗਾ

੪੬



ਸੋ ਏਹੁ ਕਾਰਨੁ ਹੋਵੈਗਾ ॥ ਅਰੁ ਫੇਰਿ ਅਲਿਪਤੁ ਹੋਇ ਜਾਵੈਗਾ ॥ ਅਰੁ ਜੋ ਸਿਖ ਗੁਰੂ ਸ੍ਰੀ ਅਕਾਲ ਪੁਰਖ ਦੇ ਹੋਵਨਿਗੇ ਸੋ ਅਪਨੇ ਕਰਾਰ ਉਪਰਿ ਬਚਨ ਪਰਿ ਸੀਲ ਸੰਤੋਖ ਪਰਿ ਖੜੇ ਰਹਨਿਗੇ ॥ ਜਬ ਫੇਰਿ ਜੁਗ ਬਦਲੇਗਾ ਅਰੁ ਤ੍ਰੇਤਾ ਜੁਗ ਆਵੈਗਾ ਤਾਂ ਫੇਰਿ ਮਾਨੁਖ ਦਾ ਜਾਮਾ ਪਹਰਿ ਕਰਿ ਦੀਵਾਨੁ ਲਾਈਏਗਾ ॥ ਉਸੀ ਭਾਂਤਿ ਪਰਪੰਚ ਸਾਂਗੁ ਕਰੀਐਗਾ । ਅਕਾਲ ਪੁਰਖ ਕੇ ਨਾਮ ਤੇ ਫੇਰਿ ਗੁਰੂ ਕਾ ਨਾਮੁ ਜਪਾਈਐਗਾ ॥ ਕਲਿਜੁਗ ਮਹਿ ਜੋ ਆਪਨੇ ਸਿਖ ਕਰੀਹਿਗੇ ਸੋ ਉਸ ਸਮੈ ਭੀ ਆਇ ਮਿਲਹਿਗੇ ਅਰੁ ਮਿਲਾਂਈਹਿਗੇ ॥ ਅਰੁ ਪੈਰੀ



ਪਾਈਅਹਿਗੇ ॥ ਏਹ ਸ੍ਰੀ ਅਕਾਲ ਪੁਰਖ ਕੇ ਖੇਲ ਹੈਨਿ ਜੋ ਭਾਵੈ ਸੋ ਕਰੈ ॥ ਅਰੁ ਖਾਲਸਾ ਜੋ ਕੀਆ ਹੈ ਸੋ ਗੁਰਮਤਿ ਕਮਾਵਨੇ ਕਉ ਕੀਆ ਹੈ ॥ ਪਰੁ ਇਸ ਪ੍ਰਾਨੀ ਨੋ ਏਹੀ ਚਾਹੀਐ ਜੋ ਕਛੁ ਗੁਰੂ ਫੁਰਮਾਇਆ ਹੈ ਸੋ ਉਸ ਕਉ ਆਪਨੇ ਬਿਖੈ ਪਿਆਰੁ ਰਾਖੈ ॥ ਅਉਰ ਬੀਚਾਰੁ ਕਿਸੀ ਬਾਤ ਨ ਕਰੈ ਉਸ ਕੀ ਉਹੀ ਜਾਣੈ ॥ ਇਸ ਕਾ ਇਸ ਹੀ ਮੋ ਭਲਾ ਹੈ ॥ ਪਰ ਖਾਲਸੇ ਨੂੰ ਆਦਰੁ ਕਰੈ ਭਾਉ ਕਰੈ ਤਾਂ ਇਸ ਕਾ ਨਿਸਤਾਰਾ ਹੋਇ ॥ ਧਿਆਉ ਪ੍ਰਿਥਮੇ ਪ੍ਰੇਮ ਸੁਮਾਰਗ ਗਿਰੰਥ ਕਾ ਪੂਰਾ ਹੋਇਆ ॥ ਸ੍ਰੀ ਅਕਾਲ ਪੁਰਖੁ ਜੀ ਕੀ ਰਛਿਆ ॥੧॥

Namdhari Elibrary NamdhariElibrary@gmail.com

Namdhari Elibrary NamdhariElibrary@gmail.com